International Journal of Applied Research 2016; 2(8): 873-879




**ISSN Print:** 2394-7500
**ISSN Online:** 2394-5869
**Impact Factor:** 5.2
IJAR 2016; 2(8): 873-879
www.allresearchjournal.com
Received: 15-06-2015
Accepted: 02-07-2016

**ਡਾ. ਵਿਨੈਨੀਤ ਕੌਰ**
ਐਸੋਸੀਏਟ ਪ੍ਰੋਫੈਸਰ, ਸ੍ਰੀ ਗੁਰੂ ਨਾਨਕ ਦੇਵ ਖਾਲਸਾ ਕਾਲਜ, ਦੇਵ ਨਗਰ, ਨਵੀਂ ਦਿੱਲੀ, ਭਾਰਤ

Correspondence:
**ਡਾ. ਵਿਨੈਨੀਤ ਕੌਰ***
ਐਸੋਸੀਏਟ ਪ੍ਰੋਫੈਸਰ, ਸ੍ਰੀ ਗੁਰੂ ਨਾਨਕ ਦੇਵ ਖਾਲਸਾ ਕਾਲਜ, ਦੇਵ ਨਗਰ, ਨਵੀਂ ਦਿੱਲੀ, ਭਾਰਤ

# ਆਸਾ ਦੀ ਵਾਰ ਦਾ ਥੀਮਕ ਅਧਿਐਨ

**ਡਾ. ਵਿਨੈਨੀਤ ਕੌਰ**

## ਪ੍ਰਸਤਾਵਨਾ

ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਵਾਰਾਂ ਸਿੱਖ ਗੁਰੂ ਸਾਹਿਬਾਨਾਂ ਦੀ ਪੰਜਾਬੀ ਸਾਹਿਤ ਨੂੰ ਇੱਕ ਵਡਮੁੱਲੀ ਦੇਣ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਸਿੱਖ ਗੁਰੂਆਂ ਦੀਆਂ 21 ਵਾਰਾਂ ਅਤੇ ਇੱਕ ਵਾਰ ਸੱਤੇ ਬਲਵੰਡ ਦੀ ਹੈ। ਇਹਨਾਂ 21 ਵਾਰਾਂ ਵਿੱਚੋਂ ਤਿੰਨ ਵਾਰਾਂ ਗੁਰੂ ਨਾਨਕ ਦੇਵ ਜੀ ਦੀਆਂ, ਚਾਰ ਵਾਰਾਂ ਗੁਰੂ ਅਮਰਦਾਸ ਜੀ ਦੀਆਂ, ਅੱਠ ਵਾਰਾਂ ਗੁਰੂ ਰਾਮਦਾਸ ਜੀ ਦੀਆਂ ਅਤੇ ਛੇ ਵਾਰਾਂ ਗੁਰੂ ਅਰਜਨ ਦੇਵ ਜੀ ਦੀਆਂ ਹਨ, ਜੋ ਕਿ ਵੱਖੋ-ਵੱਖਰੇ ਰਾਗਾਂ ਵਿੱਚ ਦਰਜ ਹਨ। ਇਸ ਤੋਂ ਇਲਾਵਾ ਗੁਰਮਤਿ ਸਾਹਿਤ ਵਿੱਚ ਭਾਈ ਗੁਰਦਾਸ ਅਤੇ ਭਾਈ ਨੰਦ ਲਾਲ ਦੀਆਂ ਵਾਰਾਂ ਵੀ ਵਿਸ਼ੇਸ਼ ਮਹੱਤਤਾ ਰੱਖਦੀਆਂ ਹਨ। ਭਾਈ ਗੁਰਦਾਸ ਜੀ ਦੀਆਂ 31 ਵਾਰਾਂ ਤਾਂ ਗੁਰਬਾਣੀ ਦੀ ਕੁੰਜੀ ਦਾ ਦਰਜਾ ਰੱਖਦੀਆਂ ਹਨ। ਸਾਡੇ ਹਥਲੇ ਲੇਖ ਦਾ ਵਿਸ਼ਾ ਗੁਰੂ ਨਾਨਕ ਸਾਹਿਬ ਰਚਿਤ 'ਆਸਾ ਦੀ ਵਾਰ' ਦਾ ਸੰਖੇਪ ਵਿਸ਼ੇਗਤ ਅਧਿਐਨ ਹੈ। ਇਸ ਵਾਰ ਵਿੱਚ ਪਰਮਾਤਮਾ, ਆਤਮਾ, ਮਾਇਆ, ਸੰਸਾਰ ਆਦਿ ਸੰਕਲਪਾਂ 'ਤੇ ਰੋਸ਼ਨੀ ਪਾਈ ਗਈ ਹੈ।

ਆਸਾ ਦੀ ਵਾਰ ਦਾ ਅਧਿਐਨ ਕਰਨ ਤੋਂ ਪਹਿਲਾਂ ਸਾਡੇ ਲਈ ਇਹ ਜਾਣਨਾ ਅਤਿ ਜ਼ਰੂਰੀ ਹੈ ਕਿ— 'ਵਾਰ ਕੀ ਹੈ?' ਕਿਵੇਂ ਇਹ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੋਈ? ਗੁਰੂ ਗ੍ਰੰਥ ਸਾਹਿਬ ਵਿਚਲੀਆਂ ਵਾਰਾਂ ਦਾ ਸਰੂਪ ਕੀ ਹੈ? ਆਦਿ।

'ਵਾਰ' ਮੱਧਕਾਲੀ ਪੰਜਾਬੀ ਸਾਹਿਤ ਦਾ ਵਿਲੱਖਣ ਰੂਪਾਕਾਰ ਹੈ। ਇਹ ਰੂਪਾਕਾਰ ਮੁੱਖ ਰੂਪ ਵਿੱਚ ਕਿਸੇ ਯੁੱਧ ਦੇ ਕਥਾਨਕ ਦੇ ਆਲੇ-ਦੁਆਲੇ ਇੱਕ ਕਾਵਿਕ ਬਿਰਤਾਂਤ ਨੂੰ ਸੰਗਠਿਤ ਕਰਦਾ ਹੈ। ਇਹੀ ਕਾਰਨ ਹੈ ਕਿ ਇਹ ਰੂਪਾਕਾਰ ਕਾਵਿਕ ਅਤੇ ਬਿਰਤਾਂਤਕ ਦੋਹਾਂ ਹੀ ਵਿਧੀਆਂ ਨਾਲ ਜੁੜਦਾ ਹੈ। ਵਾਰ ਦੀ ਰਚਨਾ ਨੂੰ ਪਉੜੀ ਕਿਹਾ ਜਾਂਦਾ ਹੈ ਅਤੇ ਇਸ ਦਾ ਸਿਰਜਣ ਛੋਟੇ-ਛੋਟੇ ਸਮਾਨ ਆਕਾਰ ਵਾਲੇ ਕਾਵਿ-ਬੰਦਾਂ ਦੇ ਰੂਪ ਵਿੱਚ ਹੁੰਦਾ ਹੈ। ਇਹਨਾਂ ਪਉੜੀਆਂ ਵਿੱਚ ਛੰਦ, ਲੈਅ, ਤੋਲ-ਤੁਕਾਂਤ ਆਦਿ ਦੀ ਏਕਤਾ ਦਾ ਵਿਸ਼ੇਸ਼ ਧਿਆਨ ਰੱਖਿਆ ਜਾਂਦਾ ਹੈ। ਵਾਰ ਵਿੱਚ ਮੁੱਖ ਰੂਪ ਵਿੱਚ ਦੋ ਧਿਰਾਂ ਵਿਚਕਾਰ ਯੁੱਧ ਹੁੰਦਾ ਹੈ ਜਿਸ ਵਿੱਚ ਇੱਕ ਧਿਰ ਜਿੱਤਦੀ ਹੈ ਅਤੇ ਦੂਜੀ ਧਿਰ ਹਾਰਦੀ ਹੈ। ਇਸ ਵਿੱਚ ਕਿਸੇ ਇਤਿਹਾਸਿਕ ਵਿਅਕਤੀ (ਨਾਇਕ) ਦੀ ਬਹਾਦਰੀ ਅਤੇ ਕਾਰਨਾਮਿਆਂ ਦੀ

ਸਿਫਤ ਕੀਤੀ ਜਾਂਦੀ ਹੈ ਅਤੇ ਨਾਇਕ ਦੀ ਖਲਨਾਇਕ ਉੱਪਰ ਜਿੱਤ ਦਾ ਪ੍ਰਸੰਗ ਬੜੇ ਹੀ ਉਤਸ਼ਾਹ ਨਾਲ ਪੇਸ਼ ਕੀਤਾ ਜਾਂਦਾ ਹੈ। ਸਰੋਤਿਆਂ ਵਿੱਚ ਜਾਂ ਪਾਠਕਾਂ ਵਿੱਚ ਕਿਉਂਕਿ ਇਹ ਵਾਰ ਉਤਸਾਹ ਦਾ ਭਾਵ ਪੈਦਾ ਕਰਦੀ ਹੈ, ਇਸਲਈ ਇਹ ਰਚਨਾ ਬੀਰ ਰਸ ਪ੍ਰਧਾਨ ਹੁੰਦੀ ਹੈ। ਡਾ. ਦਰਸ਼ਨ ਸਿੰਘ ਇਕ ਥਾਂ ਲਿਖਦੇ ਹਨ ਕਿ ਵਾਰ ਦਾ ਅਸਲੀ ਤੇ ਮੁਢਲਾ ਰੂਪ ਉਹੀ ਹੈ ਜਿਸ ਵਿੱਚ ਕੋਈ ਵਾਰਤਾ ਹੋਵੇ, ਯੋਧਿਆਂ ਦੀ ਟੱਕਰ ਹੋਵੇ, ਜੰਗ ਦੇ ਦ੍ਰਿਸ਼ ਹੋਣ ਅਤੇ ਇਹਨਾਂ ਨੂੰ ਪੜ੍ਹ ਜਾਂ ਸੁਣ ਕੇ ਸਰੋਤਿਆਂ ਦੇ ਮਨ ਵਿੱਚ ਉਤਸਾਹ ਪੈਦਾ ਜਾਵੇ।

'ਵਾਰ' ਸ਼ਬਦ ਦੀ ਉਤਪੱਤੀ ਬਾਰੇ ਵਿਦਵਾਨਾਂ ਵਿੱਚ ਕਈ ਮਤਭੇਦ ਹਨ। ਕੁਝ ਵਿਦਵਾਨ 'ਵਾਰ' ਸ਼ਬਦ ਦੀ ਉਤਪੱਤੀ ਸੰਸਕ੍ਰਿਤ ਦੀ 'ਵ੍ਰਿਤ' ਧਾਤੂ ਤੋਂ ਹੋਈ ਮੰਨਦੇ ਹਨ, ਜਿਸ ਦਾ ਅਰਥ ਹੈ— ਬੋਲਣ, ਵਰਣਨ ਕਰਨਾ ਜਾਂ ਵਾਰਤਾ ਕਹਿਣਾ। ਇਸੇ ਤਰ੍ਹਾਂ ਕੁਝ ਵਿਦਵਾਨਾਂ ਅਨੁਸਾਰ 'ਵਾਰ' ਸ਼ਬਦ ਦੀ ਰਚਨਾ ਸੰਸਕ੍ਰਿਤੀ ਧਾਤੂ 'ਵ੍ਰੀ' ਤੋਂ ਹੋਈ ਹੈ, ਜਿਸਦੇ ਅਰਥ ਹਨ— ਵਾਰ ਕਰਨਾ, ਵਾਰ ਰੋਕਣਾ ਜਾਂ ਹੱਲਾ ਬੋਲਣਾ ਆਦਿ। ਡਾ. ਸੰਤਾ ਸਿੰਘ ਅਨੁਸਾਰ ਪੰਜਾਬੀ ਬੋਲੀ ਵਿੱਚ ਵਾਰ ਸ਼ਬਦ ਅਨੇਕਾਂ ਅਰਥਾਂ ਵਿੱਚ ਆਇਆ ਹੈ। ਜਿਵੇਂ: ਹੱਲਾ ਕਰਨਾ, ਵੈਰ ਕੱਢਣਾ, ਸੱਟ ਮਾਰਨਾ, ਯੁੱਧ-ਜੰਗ ਵਿੱਚ ਘੇਰਾ ਜਾਂ ਵਲਗਣ ਬਣਾਉਣਾ, ਰੋਕ ਪਾਉਣਾ, ਬਦਲਾ ਲੈਣਾ, ਦਰਵਾਜ਼ਾ ਭੇੜਨਾ, ਕੁਰਬਾਨ ਕਰਨਾ (ਵਾਰਨਾ), ਦਿਨ (ਜਿਵੇਂ: ਸੋਮਵਾਰ ਮੰਗਲਵਾਰ ਆਦਿ)। ਪਿਆਰਾ ਸਿੰਘ ਪਦਮ ਨੇ ਇਕ ਥਾਂ ਵਾਰ ਸ਼ਬਦ ਦਾ ਮੂਲ 'ਵਾਰਤਾ' ਪਦ ਨੂੰ ਮੰਨਿਆ ਹੈ।

ਇਸ ਤਰ੍ਹਾਂ ਅਸੀਂ ਇਹ ਕਹਿ ਸਕਦੇ ਹਾਂ ਕਿ ਵਾਰਾਂ ਦੇ ਪ੍ਰਮੁੱਖ ਵਿਸ਼ੇ ਰਾਜਿਆਂ-ਰਜਵਾੜਿਆਂ ਦੇ ਆਪਸੀ ਝਗੜੇ ਹੁੰਦੇ ਸਨ। ਇਹਨਾਂ ਵਿੱਚ ਯੁੱਧ ਹੁੰਦਾ ਹੈ ਅਤੇ ਇੱਕ ਧਿਰ ਦੀ ਜਿੱਤ ਤੇ ਦੂਜੀ ਧਿਰ ਦੀ ਹਾਰ ਹੁੰਦੀ ਹੈ। ਜਿਹੜੀ ਧਿਰ ਜਿੱਤਦੀ ਹੈ ਉਸਦੇ ਨਾਇਕ ਦੀ ਉਸਤਤ ਗਾ ਕੇ ਕੀਤੀ ਜਾਂਦੀ ਹੈ। ਇਹਨਾਂ ਵਾਰਾਂ ਵਿੱਚ ਬਿਰਤਾਂਤ ਨਾਲੋਂ ਵਧੇਰੇ ਜ਼ੋਰ ਦ੍ਰਿਸ਼ ਵਰਣਨ ਦਾ ਹੈ। ਇਹ ਵਾਰਾਂ 'ਲੋਕ ਵਾਰਾਂ' ਅਖਵਾਉਂਦੀਆਂ ਹਨ ਕਿਉਂਕਿ ਇਹ ਬਹੁਤ ਭਾਰੀ ਗਿਣਤੀ ਵਿੱਚ ਲਿਖੀਆਂ ਜਾਂਦੀਆਂ ਸਨ। ਇਸ ਲਈ ਇਹਨਾਂ ਦੇ ਲੇਖਕਾਂ ਦੇ ਨਾਂ ਨਹੀਂ ਸਨ ਮਿਲਦੇ। ਇਹ ਜਨ-ਸਧਾਰਣ ਵਿੱਚ ਵੀ ਬਹੁਤ ਲੋਕਪ੍ਰਿਅ ਹੁੰਦੀਆਂ ਸਨ।

'ਵਾਰ' ਅਤੇ 'ਲੋਕ ਵਾਰ' ਬਾਰੇ ਉਪਰੋਕਤ ਜਾਣਕਾਰੀ ਲੈਣ ਤੋਂ ਬਾਅਦ ਅਸੀਂ ਇਹ ਦੇਖਦੇ ਹਾਂ ਕਿ ਵਾਰਾਂ ਦਾ ਗੁਰਮਤਿ ਸਾਹਿਤ ਵਿੱਚ ਆਗਮਨ ਕਿਵੇਂ ਹੋਇਆ ਅਤੇ ਕਿਸ ਰੂਪ ਵਿੱਚ ਇਹ ਵਾਰ ਗੁਰਮਤਿ ਸਾਹਿਤ ਵਿੱਚ ਪੇਸ਼ ਹੋਈ? ਗੁਰਮਤਿ ਸਾਹਿਤ ਵਿੱਚ ਵਾਰ 'ਅਧਿਆਤਮਕ ਵਾਰ' ਦੇ ਰੂਪ ਵਿੱਚ ਪੇਸ਼ ਹੋਈ ਕਿਉਂਕਿ ਮੱਧਕਾਲ ਵਿੱਚ ਵਾਰ ਲੋਕ ਮਨੋਰੰਜਨ ਦਾ ਇੱਕ ਮਹੱਤਵਪੂਰਨ ਸਾਧਨ ਸੀ। ਇਹ ਵਾਰਾਂ ਲੋਕ ਵਿਰਸੇ ਵਿੱਚ ਬਹੁਤੀ ਪ੍ਰਸਿੱਧੀ ਹਾਸਿਲ ਕਰ ਚੁੱਕੀਆਂ ਸਨ। ਇਸੇ ਲਈ ਬਾਣੀਕਾਰਾਂ ਨੇ ਅਧਿਆਤਮਕ ਸੰਦੇਸ਼ ਲਈ ਇਸ ਮਾਧਿਅਮ ਨੂੰ ਅਪਣਾਇਆ ਤਾਂ ਜੋ ਇੱਕ ਤਾਂ ਇਹ ਜਨ-ਸਧਾਰਣ ਤੱਕ ਪਹੁੰਚ ਸਕੇ, ਕਿਉਂਕਿ ਉਸ ਵੇਲੇ ਵਾਰ ਬਹੁਤ ਲੋਕਪ੍ਰੀਅ ਸੀ ਤੇ ਦੂਜਾ ਇਹ ਕਿ ਜਨ-ਸਧਾਰਣ ਵਾਰਾਂ ਰਾਹੀਂ ਪ੍ਰਭੂ-ਭਗਤੀ ਨਾਲ ਜੁੜੇ।

ਆਪਣੇ ਉਪਰੋਕਤ ਉਦੇਸ਼ ਦੀ ਪੂਰਤੀ ਲਈ ਬਾਣੀਕਾਰਾਂ ਨੇ 'ਲੋਕ ਵਾਰ' ਦੇ ਰੂਪ ਵਿੱਚ ਕੁਝ ਪਰਿਵਰਤਨ ਲਿਆਂਦੇ, ਭਾਵੇਂ ਇਸ ਦਾ ਬੁਨਿਆਦੀ ਢਾਂਚਾ ਉਹੀ ਰਿਹਾ। ਅਧਿਆਤਮਕ ਵਾਰ ਵਿੱਚ ਗੁਰੂ ਸਾਹਿਬਾਨ ਨੇ 'ਬਿਰਤਾਂਤਕ ਸੰਗਠਨ' ਨੂੰ ਤਿਆਗ ਕੇ 'ਦਾਰਸ਼ਨਿਕ ਕਥਨ' ਦੀ ਵਿਧੀ ਦਾ ਪ੍ਰਯੋਗ ਕੀਤਾ। ਇਸ ਵਿੱਚ ਬੀਰ ਰਸ ਦੀ ਥਾਂ ਸ਼ਾਂਤ ਰਸ ਦੀ ਪ੍ਰਧਾਨਤਾ ਹੈ। ਇਹਨਾਂ ਦਾ ਵਿਸ਼ਾ ਪ੍ਰਭੂ-ਭਗਤੀ ਹੈ ਜਦਕਿ ਲੋਕ ਵਾਰਾਂ ਦਾ ਵਿਸ਼ਾ ਕਿਸੇ ਮਨੁੱਖ ਦੀ ਉਸਤਤ ਕਰਨਾ ਸੀ। ਇਹਨਾਂ ਵਾਰਾਂ ਦਾ ਸੰਬੰਧ ਮਾਨਸਿਕਤਾ ਅਤੇ ਅੰਤਰਮੁਖਤਾ ਦੇ ਨਾਲ ਹੈ। ਇਹਨਾਂ ਵਾਰਾਂ ਵਿੱਚ ਇਤਿਹਾਸਿਕ ਵੇਰਵਿਆਂ ਦੀ ਥਾਂ ਸਮਾਜਿਕ ਜੀਵਨ ਦੇ ਬਹੁਤ ਸਾਰੇ ਪੱਖਾਂ ਨੂੰ ਉਜਾਗਰ ਕੀਤਾ ਗਿਆ ਹੈ। ਲੋਕ ਵਾਰਾਂ ਵਿੱਚ ਅਤਕਥਨੀ ਅਲੰਕਾਰ ਦੀ ਵਰਤੋਂ ਬਹੁਤ ਹੋਈ ਹੈ ਜੋ ਕਿ ਗੱਲ ਨੂੰ ਵਧਾ-ਚੜ੍ਹਾ ਕੇ ਪੇਸ਼ ਕਰਦੀ ਹੈ, ਜਦਕਿ ਅਧਿਆਤਮਿਕ ਵਾਰਾਂ ਵਿੱਚ ਇਸ ਅਲੰਕਾਰ ਦੀ ਵਰਤੋਂ ਕਰਨ ਦੀ ਥਾਂ ਗੱਲ ਨੂੰ ਸਿੱਧੇ ਅਤੇ ਸਧਾਰਨ ਢੰਗ ਨਾਲ ਪੇਸ਼ ਕੀਤਾ ਗਿਆ ਹੈ।

ਅਧਿਆਤਮਕ ਵਾਰਾਂ ਵਿੱਚ ਲੋਕ ਵਾਰਾਂ ਦੀਆਂ ਕੁਝ ਪ੍ਰਤਿਨਿਧ ਕਾਵਿ ਰੂੜੀਆਂ ਨੂੰ ਇਨ-ਬਿਨ ਗ੍ਰਹਿਣ ਕੀਤਾ ਗਿਆ ਹੈ। ਜਿਵੇਂ: ਪਉੜੀ ਰਚਨਾ, ਤੋਲ-ਤੁਕਾਂਤ ਅਤੇ ਛੰਦ ਦੀ ਏਕਤਾ ਦਾ ਧਿਆਨ ਰੱਖਣਾ ਆਦਿ। ਪਰ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਨ ਵੇਲੇ ਪਉੜੀਆਂ ਦੇ ਨਾਲ-ਨਾਲ ਕੁਝ ਸਲੋਕ ਵੀ ਅੰਕਿਤ ਕਰ ਦਿੱਤੇ ਹਨ ਅਤੇ ਇਸ ਨਾਲ ਵਾਰਾਂ ਦੇ ਮੌਲਿਕ ਰੂਪ ਵਿੱਚ ਬੁਨਿਆਦੀ ਪਰਿਵਰਤਨ ਲਿਆਂਦਾ। ਇਹਨਾਂ ਸਲੋਕਾਂ ਰਾਹੀਂ ਪਉੜੀ ਦੀ ਥੀਮਕ ਇਕਾਗਰਤਾ ਨੂੰ ਭੰਗ

ਕਰਦਿਆਂ ਹੋਇਆ ਵੀ ਸਮੁੱਚੇ ਕਾਵਿ ਅਰਥ ਵਿੱਚ ਪਰਿਵਰਤਨ ਨਹੀਂ ਵਾਪਰਦਾ, ਸਗੋਂ ਇਹ ਸਲੋਕ-ਪਉੜੀਆਂ ਦੇ ਥੀਮ ਦੇ ਕਿਸੇ ਹਿੱਸੇ ਦਾ ਵਿਸਤਾਰ ਕਰਕੇ ਇਸਦੇ ਪਾਸਾਰ ਨੂੰ ਫੈਲਾਉਂਦੇ ਹਨ। ਆਦਿ ਗੁਰੂ ਗ੍ਰੰਥ ਸਾਹਿਬ ਵਿੱਚ ਕੇਵਲ ਦੋ ਵਾਰਾ— ਸੱਤੇ ਬਲਵੰਡ ਦੀ ਵਾਰ ਅਤੇ ਬਸੰਤ ਦੀ ਵਾਰ ਹੀ ਸਲੋਕ ਰਹਿਤ ਹਨ।

ਜਿਵੇਂ ਲੋਕ ਵਾਰਾਂ ਵਿੱਚ ਦੋ ਧਿਰਾਂ ਵਿਚਕਾਰ ਦਵੰਧ ਸਿਰਜਿਆ ਜਾਂਦਾ ਹੈ, ਉਸੇ ਤਰ੍ਹਾਂ ਹੀ ਅਧਿਆਤਮਿਕ ਵਾਰਾਂ ਵਿਚ ਵੀ ਦਵੰਧ ਸਿਰਜਿਆ ਜਾਂਦਾ ਹੈ ਅਤੇ ਇੱਕ ਦੀ ਜਿੱਤ ਤੇ ਦੂਜੇ ਦੀ ਹਾਰ ਹੁੰਦੀ ਹੈ। ਪਰ ਇਸ ਦਵੰਧ ਵਿੱਚਲੀਆਂ ਧਿਰਾਂ ਬਦਲ ਜਾਂਦੀਆਂ ਹਨ। ਲੋਕ ਵਾਰ ਵਿੱਚ ਦਵੰਧ ਮਨੁੱਖੀ ਹੁੰਦਾ ਹੈ ਅਤੇ ਅਧਿਆਤਮਕ ਵਾਰਾਂ ਵਿੱਚ ਇਹ ਦਵੰਧ ਨੇਕੀ ਤੇ ਬਧੀ, ਗੁਰਮੁਖ ਤੇ ਮਨਮੁਖ, ਨਾਮ ਅਤੇ ਮਾਇਆ ਵਿਚਕਾਰ ਸੰਕਲਪਾਂ ਦਾ ਹੁੰਦਾ ਹੈ। ਜਿੱਤ ਹਮੇਸ਼ਾ ਨੇਕੀ, ਗੁਰਮੁਖ ਤੇ ਨਾਮ ਦੀ ਹੀ ਹੁੰਦੀ ਹੈ।

ਜਿਵੇਂ ਲੋਕ ਵਾਰਾਂ ਵਿੱਚ ਨਾਇਕ ਕੋਈ 'ਰਾਜਾ' ਜਾਂ 'ਜਗੀਰਦਾਰ' ਹੁੰਦਾ ਹੈ ਅਤੇ ਇਹਨਾਂ ਵਿੱਚ ਘੋਲ ਦੁਨਿਆਵੀ ਪ੍ਰਾਪਤੀਆਂ ਲਈ ਹੁੰਦਾ ਸੀ, ਪਰ ਅਧਿਆਤਮਕ ਵਾਰਾਂ ਵਿੱਚ ਇਹ ਨਾਇਕ 'ਗੁਰੂ' ਜਾਂ 'ਗੁਰਮੁਖ' ਹੈ ਅਤੇ ਖਲਨਾਇਕ 'ਮਨਮੁਖ' ਹੁੰਦਾ ਹੈ। ਇੱਥੇ ਘੋਲ ਸਮੁੱਚੀ ਜਾਤੀ ਦਾ ਹੈ ਅਤੇ ਪਾਤਰ ਵਿਅਕਤੀਗਤ ਨਾ ਹੋ ਕੇ ਸਮੁੱਚੀ ਮਨੁੱਖੀ ਜਾਤੀ ਹੈ। ਇਉਂ ਅਧਿਆਤਮਿਕ ਵਾਰ ਦੀ ਦ੍ਰਿਸ਼ਟੀ ਵਿਸ਼ਵ-ਵਿਆਪੀ ਹੈ ਅਤੇ ਦੇਸ਼-ਕਾਲ ਦੀ ਸੀਮਾਂ ਤੋਂ ਮੁਕਤ ਹੈ।

ਇਸ ਤਰ੍ਹਾਂ ਵਾਰ ਦੀ ਪਰਿਭਾਸ਼ਾ, ਲੋਕਵਾਰ ਅਤੇ ਅਧਿਆਤਮਕ ਵਾਰ ਬਾਰੇ ਜਾਣਕਾਰੀ ਲੈਣ ਤੋਂ ਬਾਅਦ ਅਸੀਂ ਗੁਰੂ ਨਾਨਕ ਸਾਹਿਬ ਰਚਿਤ 'ਆਸਾ ਦੀ ਵਾਰ' ਵੱਲ ਪਰਤਦੇ ਹਾਂ। 'ਆਸਾ ਦੀ ਵਾਰ' ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਾਰੀਆਂ ਵਾਰਾਂ ਵਿੱਚੋਂ ਬਹੁਤ ਪ੍ਰਸਿੱਧ ਅਤੇ ਪ੍ਰਭਾਵਸ਼ਾਲੀ ਵਾਰ ਹੈ। ਇਹ ਇਕ ਅਧਿਆਤਮਕ ਵਾਰ ਹੈ ਅਤੇ ਅਧਿਆਤਮਕਤਾ ਦੇ ਸੰਪੂਰਨ ਬਿੰਬ ਨੂੰ ਉਜਾਗਰ ਕਰਦੀ ਹੈ। ਇਹ ਆਤਮਾ ਦਾ ਮੇਲ ਪਰਮਾਤਮਾ ਨਾਲ ਕਰਾਉਂਦੀ ਹੈ, ਪਰ ਨਾਲ ਹੀ ਸਾਧਕ ਨੂੰ ਸਮਾਜਿਕ, ਸੱਭਿਆਚਾਰਕ, ਰਾਜਸੀ, ਧਾਰਮਿਕ ਅਤੇ ਆਰਥਿਕ ਤੌਰ 'ਤੇ ਇੱਕ ਸੰਪੂਰਨ ਯੋਧਾ ਵੀ ਬਣਾਉਂਦੀ ਹੈ। ਇਹ ਵਾਰ ਹੈ ਤਾਂ ਅਧਿਆਤਮਕ ਵਾਰ, ਪਰ ਇਸ ਵਿੱਚ ਲੋਕ ਵਾਰ ਵਾਲੇ ਗੁਣ ਵੀ ਵਿਦਵਾਨ ਹਨ। ਜਿਵੇਂ ਕਿ ਲੋਕ ਵਾਰ ਵਿੱਚ ਕਿਸੇ ਯੋਧੇ ਦੀ ਬਹਾਦਰੀ ਦਾ ਵਰਣਨ ਕਰਕੇ ਦੇਸ਼ ਵਾਸੀਆਂ ਦੀ ਸੁੱਤੀ ਅਣਖ ਨੂੰ ਵੰਗਾਰਿਆ ਜਾਂਦਾ ਸੀ, ਉਸੇ ਤਰ੍ਹਾਂ ਇਸ ਵਾਰ ਵਿੱਚ ਵੀ ਗੁਰੂ ਸਾਹਿਬ ਨੇ ਅਵਨਤੀ ਦੇ ਧਰਾਤਲ 'ਤੇ ਜਾ ਰਹੀ ਭਾਰਤੀ ਖਾਸਕਰ ਪੰਜਾਬੀ ਲੁਕਾਈ ਦੀ ਅਣਖ ਨੂੰ ਵੰਗਾਰਿਆ ਤੇ ਉਹਨਾਂ ਨੂੰ ਗਿਆਨ ਦਾ ਚਾਨਣ ਦੇ ਕੇ ਉਹਨਾਂ ਦੇ ਮਨ ਵਿੱਚੋਂ ਅਗਿਆਨਤਾ ਦਾ ਹਨੇਰ ਮਿਟਾਇਆ।

ਜਿਵੇਂ ਕਿ ਵਾਰ ਦੀ ਪ੍ਰਕਿਰਤੀ ਹੈ ਕਿ ਇਸਦੀ ਰਚਨਾ ਪਉੜੀਆਂ ਵਿੱਚ ਹੁੰਦੀ ਹੈ ਉਸੇ ਤਰ੍ਹਾਂ 'ਆਸਾ ਦੀ ਵਾਰ' ਵੀ 24 ਪਉੜੀਆਂ ਦੀ ਇੱਕ ਅਦੁੱਤੀ ਰਚਨਾ ਹੈ, ਜਿਸ ਦੇ ਰਚਨਾਕਾਰ ਗੁਰੂ ਨਾਨਕ ਦੇਵ ਜੀ ਹਨ। ਪਰ ਇਸ ਵਿੱਚ ਗੁਰੂ ਅਰਜਨ ਦੇਵ ਜੀ ਨੇ ਪਹਿਲੇ ਗੁਰੂ ਦੇ 45 ਅਤੇ ਦੂਸਰੇ ਗੁਰੂ ਦੇ 14 ਸਲੋਕ ਵੀ ਦਰਜ ਕਰ ਦਿੱਤੇ ਹਨ ਅਤੇ ਇਹਨਾਂ ਸਲੋਕਾਂ ਦਾ ਸੁਮੇਲ ਪਉੜੀਆਂ ਨਾਲ ਬਣਾਇਆ। ਇਸ ਪਉੜੀ ਦੀ ਸੰਖੇਪ ਵਿਆਖਿਆ ਜਾਂ ਭੂਮਿਕਾ ਬੰਨਣ ਦਾ ਕੰਮ ਕਰਦੇ ਹਨ। ਅਸਲ ਵਿੱਚ ਇਹ ਲੋਕ ਵੱਖੋ-ਵੱਖਰੇ ਸਮਿਆਂ, ਅਵਸਰਾਂ, ਪ੍ਰਸੰਗਾਂ ਅਤੇ ਸਥਿਤੀਆਂ ਦੇ ਨਾਲ ਸੰਬੰਧਿਤ ਹਨ, ਪਰ ਇਹਨਾਂ ਨੂੰ ਪਉੜੀ ਦੇ ਭਾਵ ਨਾਲ ਰਲਾ ਕੇ ਇੱਕ ਥਾਈਂ ਰੱਖ ਦਿੱਤਾ ਗਿਆ ਅਤੇ ਇਹਨਾਂ ਨਾਲ ਸੰਬੰਧਿਤ ਗੁਰੂ ਦੀ ਪਛਾਣ ਲਈ ਉਹਨਾਂ ਸਲੋਕਾਂ ਨਾਲ ਮਹੱਲਾ ੧, ਮਹੱਲਾ ੨ ਲਿਖ ਦਿੱਤਾ। ਇਉਂ ਸਲੋਕ ਪਉੜੀ ਦੇ ਭਾਵਾਂ ਨੂੰ ਪ੍ਰਗਟਾਉਣ ਲਈ ਸਹਾਇਕ ਹੁੰਦੇ ਹਨ। ਮਿਸਾਲ ਵਜੋਂ ਅੰਤਲੀ ਪਉੜੀ ਅਤੇ ਉਸਦੇ ਸਲੋਕਾਂ ਦਾ ਸੰਬੰਧ:

ਸਲੋਕ— ਆਪੇ ਭਾਂਡੇ ਸਾਜਿਅਨੁ ਆਪੇ ਪੂਰਣੁ ਦੇਇ॥....  
ਤਿਨ੍ ਸਵਾਰੇ ਨਾਨਕਾ ਜਿਨ੍ ਕਉ ਨਦਰਿ ਕਰੇ॥ (ਅੰਗ 475)

ਪਉੜੀ— ਵਡੇ ਕੀਆ ਵਡਿਆਈਆ ਕਿਛੁ ਕਹਣਾ ਕਹਣੁ ਨ ਜਾਇ॥  
ਸੋ ਕਰਤਾ ਕਾਦਰ ਕਰੀਮੁ ਦੇ ਜੀਆ ਰਿਜਕੁ ਸੰਬਾਹਿ॥  
ਸਾਈ ਕਾਰ ਕਮਾਵਣੀ ਧੁਰਿ ਛੋਡੀ ਤਿੰਨੈ ਪਾਇ॥  
ਨਾਨਕ ਏਕੀ ਬਾਹਰੀ ਹੋਰ ਦੂਜੀ ਨਾਹੀ ਜਾਇ॥  
ਸੋ ਕਰੇ ਜਿ ਤਿਸੈ ਰਜਾਇ॥ (ਅੰਗ 475)

ਡਾ. ਬਿਕਰਮ ਸਿੰਘ ਘੁੰਮਣ ਇਕ ਥਾਂ ਲਿਖਦੇ ਹਨ ਕਿ

ਪਉੜੀਆਂ ਦਾ ਉਦੇਸ਼ ਮੁਕਤ ਤੌਰ 'ਤੇ ਅਧਿਆਤਮਕ ਹੈ, ਜਦਕਿ ਸਲੋਕਾਂ ਦਾ ਵਿਸ਼ੇਸ਼ ਤੌਰ 'ਤੇ ਸਮਾਜਿਕ, ਨੈਤਿਕ, ਸਦਾਚਾਰਕ ਅਤੇ ਉਪਦੇਸ਼ਾਤਮਕ ਹੈ ਅਤੇ ਉਹ ਸੰਬੰਧਿਤ ਪਉੜੀ ਦੇ ਉਦੇਸ਼ ਅਨੁਸਾਰ ਬਦਲਦਾ ਜਾਂਦਾ ਹੈ। ਸਲੋਕਾਂ ਦਾ ਵਾਤਾਵਰਣ ਵਾਦ-ਵਿਵਾਦ ਅਤੇ ਤਰਕ-ਵਿਤਰਕ ਦਾ ਹੈ ਜਦਕਿ ਪਉੜੀਆਂ ਵਿੱਚ ਗੁਰੂ ਸਾਹਿਬਾਨ ਨੇ ਤਾਤਵਿਕ ਅਤੇ ਰਹੱਸਵਾਦੀ ਨਿਰਨਾ ਦਿੱਤਾ ਹੈ।

ਇਉਂ ਅਸੀਂ ਵੇਖਦੇ ਹਾਂ ਕਿ ਪਉੜੀ ਵਿੱਚ 'ਭਾਵਾਂ' ਜਾਂ 'ਅਸੂਲਾਂ' ਨੂੰ ਸਧਾਰਨ ਸ਼ਬਦਾਂ ਵਿੱਚ ਪੇਸ਼ ਕੀਤਾ ਗਿਆ ਹੈ ਅਤੇ ਸਲੋਕ ਉਹਨਾਂ ਭਾਵਾਂ ਲਈ ਉਦਾਹਰਨ ਦਾ ਕੰਮ ਕਰਦੇ ਹਨ।

'ਆਸਾ ਦੀ ਵਾਰ' ਦੇ ਆਦਿ ਵਿੱਚ ਅਸੀਂ ਪੜ੍ਹਦੇ ਹਾਂ ਕਿ— ਆਸਾ ਮਹੱਲਾ ੧।। ਵਾਰ ਸਲੋਕਾਂ ਨਾਲ ਸਲੋਕ ਭੀ ਮਹਲੇ ਪਹਿਲੇ ਕੇ ਲਿਖੇ।। ਟੁੰਡੇ ਅਸਰਾਜੇ ਕੀ ਧੁਨੀ। ਇਸ ਵਿੱਚ ਆਸਾ ਮਹਲਾ ੧।। ਤਾਂ ਗੁਰੂ ਨਾਨਕ ਦੇਵ ਜੀ ਦੀ ਉਚਾਰੀ ਹੋਈ ਹੈ, ਪਰ ਬਾਅਦ ਦੀ ਪੰਕਤੀ ਗੁਰੂ ਅਰਜਨ ਦੇਵ ਜੀ ਦੀ ਉਚਾਰੀ ਹੋਈ ਹੈ, ਜੋ ਕਿ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵੇਲੇ ਗੁਰੂ ਸਾਹਿਬ ਨੇ ਉਚਾਰੀ। ਇੱਥੇ ਇਹ ਕਿਹਾ ਗਿਆ ਹੈ ਕਿ ਇਹ ਵਾਰ ਸਲੋਕਾਂ ਸਾਹਿਤ ਹੈ ਅਤੇ ਨਾਲ ਸਲੋਕ ਵੀ ਪਹਿਲੇ ਗੁਰੂ ਦੇ ਹੀ ਦਿੱਤੇ ਹਨ। ਇਸ ਤੋਂ ਇਹ ਗੱਲ ਸਪਸ਼ਟ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਹੋਣ ਤੋਂ ਪਹਿਲਾਂ ਆਸਾ ਦੀ ਵਾਰ ਵਿਚ ਕੇਵਲ 24 ਪਉੜੀਆਂ ਦੀ ਹੀ ਸੀ। ਇਹ ਵਾਰ 'ਟੁੰਡੇ ਅਸਰਾਜੇ ਦੀ ਧੁਨੀ' (ਜੋ ਕਿ ਇੱਕ ਰਾਜਾ ਸੀ ਅਤੇ ਉਸਦੀ ਉਸਤਤ ਵਿੱਚ ਗਾਈ ਵਾਰ ਨੂੰ 'ਟੁੰਡੇ ਅਸਰਾਜੇ ਦੀ ਧੁਨੀ' ਕਿਹਾ ਜਾਂਦਾ ਹੈ) ਉੱਪਰ ਗਾਉਣਾ ਹੈ। ਵਾਰ ਦੀ ਇਹੀ ਪਰੰਪਰਾ ਰਹੀ ਹੈ ਕਿ ਇਸ ਨੂੰ ਧੁਨੀਆਂ ਉੱਪਰ ਗਾਇਆ ਜਾਏ। ਗੁਰੂ ਗ੍ਰੰਥ ਸਾਹਿਬ ਵਿਚਲੀਆਂ ਵਾਰਾਂ ਵੀ ਨੌ ਧੁਨੀਆਂ ਉੱਪਰ ਗਾਈਆਂ ਗਈਆਂ ਹਨ।

ਲੋਕਵਾਰ ਦੀ ਸ਼ੈਲੀ ਦੇ ਉਲਟ ਇਸ ਅਧਿਆਤਮਕ ਵਾਰ ਵਿੱਚ ਅਤਕਥਨੀ ਅਲੰਕਾਰ ਦੀ ਥਾਂ ਸ਼ਾਂਤ ਰਸ ਦੀ ਵਰਤੋਂ ਵਧੇਰੇ ਹੋਈ ਹੈ ਤੇ ਗੱਲ ਨੂੰ ਵਧਾ ਚੜ੍ਹਾ ਕੇ ਕਹਿਣ ਦੀ ਥਾਂ ਸਧਾਰਨ ਰੂਪ ਵਿੱਚ ਕਿਹਾ ਗਿਆ ਹੈ ਕਿਉਂਕਿ ਅਧਿਆਤਮਕਤਾ ਵਿੱਚ ਜੀਵਨ ਦੀ ਯਥਾਰਥਕਤਾ ਨੂੰ ਪੇਸ਼ ਕੀਤਾ ਜਾਂਦਾ ਹੈ।

ਬੋਲੀ ਦੀ ਦ੍ਰਿਸ਼ਟੀ ਤੋਂ ਆਸਾ ਦੀ ਵਾਰ ਇੱਕ ਸਰਲ ਵਾਰ ਹੈ। ਇਸ ਵਿੱਚ ਲੋਕ ਬੋਲੀ ਦੀ ਵਰਤੋਂ ਵਧੇਰੇ ਹੋਈ ਹੈ ਤਾਂ ਜੋ ਵੱਧ ਤੋਂ ਵੱਧ ਲੋਕਾਂ ਤੱਕ ਇਹ ਵਿਚਾਰ ਪਹੁੰਚ ਸਕਣ। ਕਿਉਂਕਿ ਸਮਕਾਲੀ ਸਮਾਜ ਵਿੱਚ ਵੱਖੋ-ਵੱਖਰੀਆਂ ਬੋਲੀਆਂ, ਬੋਲੀਆਂ ਜਾਂਦੀਆਂ ਸਨ ਅਤੇ ਕਿਸੇ ਇੱਕ ਬੋਲੀ ਦੀ ਵਰਤੋਂ ਕਰਨਾ ਕਠਿਨ ਸੀ। ਇਸੇ ਕਰਕੇ ਗੁਰੂ ਸਾਹਿਬ ਨੇ ਕਈ ਬੋਲੀਆਂ ਦੀ ਸ਼ਬਦਾਵਲੀ ਰਾਹੀਂ ਇੱਕ ਸਰਬਸਾਂਝੀ ਸ਼ਬਦਾਵਲੀ ਤਿਆਰ ਕੀਤੀ ਅਤੇ ਆਪਣੇ ਸਮਾਨਤਾ ਦੇ ਉਦੇਸ਼ ਨੂੰ ਹੋਰ ਵਧੇਰੇ ਸਾਰਥਕ ਕੀਤਾ, ਪਰ ਇਸ ਵਾਰ ਦੀ ਬੋਲੀ ਦਾ ਮੁੱਖ ਪਿੰਡਾ ਪੰਜਾਬੀ (ਗੁਰਮੁਖੀ) ਹੀ ਰੱਖਿਆ ਅਤੇ ਇਸ ਵਿੱਚ ਬ੍ਰਿਜ, ਖੜੀ ਬੋਲੀ, ਗੁਜਰਾਤੀ, ਸੰਸਕ੍ਰਿਤ, ਲਹਿੰਦੀ ਆਦਿ ਬੋਲੀਆਂ ਦੀ ਸ਼ਬਦਾਵਲੀ ਦੀ ਵਰਤੋਂ ਕੀਤੀ। ਮਿਸਾਲ ਵਜੋਂ:

ਖੜ੍ਹੀ ਬੋਲੀ: ਕਾ, ਕੇ, ਕੀ, ਕੀਏ ਆਦਿ।

ਸਾਂਝੀ ਸ਼ਬਦਾਵਲੀ: ਗੋਪਾਲ, ਸੂਰਜ, ਧਰਤੀ, ਗਿਆਨ ਆਦਿ।

ਬ੍ਰਿਜੀ: ਕਉ, ਭਇਆ, ਉਪਜੈ, ਉਤਰੈ, ਤੇਵੇਹੋ ਆਦਿ।

ਸੰਸਕ੍ਰਿਤ: ਨਾਦ, ਮਨ, ਮਿਥਿਆ ਆਦਿ।

ਗੁਜਰਾਤੀ: ਛੋਡੀਲੈ, ਲਹਿੰਦੀ, ਮਹਿੰਡਾ ਆਦਿ।

ਅਰਬੀ-ਫਾਰਸੀ: ਸਦ, ਕੁਦਰਤਿ, ਅਮਰ, ਦੀਬਾਣੁ, ਹੁਕਮਿ, ਫੁਰਮਾਣ, ਨਿਵਾਜ ਆਦਿ।

ਅਲੰਕਾਰ ਦੇ ਪੱਖੋਂ ਗੁਰੂ ਸਾਹਿਬ ਨੇ ਆਸਾ ਦੀ ਵਾਰ ਵਿੱਚ ਘਰੋਗੀ ਅਲੰਕਾਰਾਂ ਦੀ ਵਰਤੋਂ ਕੀਤੀ ਹੈ, ਜਿਨ੍ਹਾਂ ਦੀ ਸਹਾਇਤਾ ਨਾਲ ਵਿਚਾਰਾਂ ਨੂੰ ਸਹਿਜ ਹੀ ਸਮਝਿਆ ਜਾ ਸਕਦਾ ਹੈ। ਬਹੁਤੇ ਅਲੰਕਾਰ ਰੂਪਕ ਹਨ, ਪਰ ਉਪਮਾ, ਦ੍ਰਿਸ਼ਟਾਂਤ ਅਤੇ ਅਨੁਪ੍ਰਾਸ ਅਲੰਕਾਰਾਂ ਦੀ ਵਰਤੋਂ ਵੀ ਹੋਈ ਹੈ। ਜਿਵੇਂ:

**ਰੂਪਕ ਅਲੰਕਾਰ:** ਰੂਪਕ ਅਲੰਕਾਰ ਵਿੱਚ ਕਵੀ ਉਪਮਾ ਦੇਣ ਦੀ ਥਾਂ ਕਿਸੇ ਵਸਤੂ ਨੂੰ ਹੀ ਉਪਮਾ ਦੇਣ ਵਾਲੀ ਚੀਜ਼ ਮੰਨ ਲੈਂਦਾ ਹੈ ਅਤੇ ਕਾਵਿ ਵਿੱਚ ਜੋਰ ਅਤੇ ਸੰਜਮ ਪੈਦਾ ਕਰਦਾ ਹੈ ਜਿਵੇਂ: ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥ (ਅੰਗ 463) ਇੱਥੇ ਇਸ ਜਗਤ ਨੂੰ ਹੀ ਪਰਮਾਤਮਾ ਦੀ ਕੋਠੜੀ (ਘਰ) ਕਿਹਾ ਗਿਆ ਹੈ।

**ਉਪਮਾ ਅਲੰਕਾਰ:** ਨਾਨਕ ਗੁਰੂ ਨ ਚੇਤਨੀ ਮਨਿ ਆਪਣੈ

ਸੁਚੇਤ॥ ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ॥ (ਅੰਗ 463) ਇਥੇ ਗੁਰੂ ਸਾਹਿਬ ਨੂੰ ਹੰਕਾਰੀ ਪੁਰਖਾਂ ਦੀ ਤੁਲਨਾ ਤਿਲ ਦੇ ਉਸ ਬੂਟੇ ਨਾਲ ਕੀਤੀ ਹੈ, ਜਿਹੜਾ ਅਸਲੀ ਫਲ ਤੋਂ ਵਾਂਝਿਆ ਹੈ। ਇਸਦੇ ਨਾਲ ਹੀ ਗੁਰੂ ਸਾਹਿਬ ਨੇ ਕਈ ਬਿੰਬਾਂ ਤੇ ਚਿਨ੍ਹਾਂ ਦੀ ਵਰਤੋਂ ਵੀ ਕੀਤੀ ਹੈ। ਜਿਵੇਂ:

ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ॥
ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ॥
ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ॥
ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥ (ਅੰਗ 470)

ਇਥੇ ਇਹ ਦਰਸਾਇਆ ਗਿਆ ਹੈ ਕਿ ਮਨੁੱਖ ਦਾ ਸਾਰ ਮਿਠਤ ਹੈ ਅਤੇ ਇਸ ਤੋਂ ਬਗੈਰ ਉਹ ਸਿੰਮਲ ਦੇ ਉਸ ਰੁੱਖ ਵਰਗਾ ਹੈ ਜੋ ਕਿ ਉੱਚਾ ਤਾਂ ਹੈ ਪਰ ਮੁਸਾਫਿਰਾਂ ਅਤੇ ਪੰਛੀਆਂ ਲਈ ਉਸਦੀ ਕੋਈ ਮਹੱਤਤਾ ਨਹੀਂ ਹੈ। ਇਉਂ 'ਆਸਾ ਦੀ ਵਾਰ' ਦੀ ਸ਼ੈਲੀ ਵਿੱਚ ਅਸੀਂ ਦੇਖਦੇ ਹਾਂ ਕਿ ਯਥਾਰਥ, ਸੱਚ ਅਤੇ ਨੇਕੀ ਦਾ ਜੋ ਪਰਵਾਹ ਚੱਲਦਾ ਹੈ, ਉਸਨੂੰ ਕੋਈ ਸਮਾਜਿਕ ਜਾਂ ਧਾਰਮਿਕ ਗਿਰਾਵਟ ਰੋਕ ਨਹੀਂ ਸਕਦੀ। ਇਸ ਵਿੱਚ ਕਿਸੇ ਵੀ ਗੱਲ ਨੂੰ ਵਧਾ-ਚੜ੍ਹਾ ਕੇ ਪੇਸ਼ ਨਹੀਂ ਕੀਤਾ ਗਿਆ, ਸਗੋਂ ਹਰ ਗੱਲ ਦੀ ਪੇਸ਼ਕਾਰੀ ਸਧਾਰਨ ਢੰਗ ਨਾਲ ਹੋਈ ਹੈ। ਇਹ ਸ਼ੈਲੀ ਸੰਜਮ ਭਰਪੂਰ ਅਤੇ ਪ੍ਰਭਾਵਸ਼ਾਲੀ ਹੈ।

'ਆਸਾ ਦੀ ਵਾਰ' ਦੀ ਕਾਵਿ ਕਲਾ ਅਤੇ ਬਣਤਰ ਬਾਰੇ ਗੱਲ ਕਰਨ ਤੋਂ ਬਾਅਦ ਅਸੀਂ ਹੁਣ ਆਸਾ ਦੀ ਵਾਰ ਦੇ ਵਿਸ਼ੇ ਅਤੇ ਉਦੇਸ਼ ਦੀ ਗੱਲ ਕਰਦੇ ਹਾਂ। ਆਸਾ ਦੀ ਵਾਰ ਦਾ ਉਦੇਸ਼ ਮਨੁੱਖ ਨੂੰ 'ਜਪੁਜੀ' ਦੀ 'ਸੱਚਖੰਡ' ਵਾਲੀ ਅਵਸਥਾ ਤੱਕ ਪਹੁੰਚਾਣਾ ਹੈ। ਇੱਕ ਆਦਰਸ਼ਕ ਮਨੁੱਖ ਚਿਤਰਨਾ ਹੈ। ਇਸਦੀਆਂ ਪਉੜੀਆਂ ਵਿੱਚੋਂ ਇਹ ਸੰਕੇਤ ਸਪਸ਼ਟ ਦਿਸਦਾ ਹੈ। ਪਰ ਨਾਲ ਹੀ ਗੁਰੂ ਸਾਹਿਬ ਇਸ ਰਚਨਾ ਵਿੱਚ ਸਮਕਾਲੀ ਸਮਾਜ ਦੀਆਂ ਕੀਮਤਾਂ ਅਤੇ ਜੀਵਨ ਵਿਧੀਆਂ ਨੂੰ ਯਥਾਰਥ ਰੂਪ ਵਿੱਚ ਪੇਸ਼ ਕਰਦੇ ਹਨ ਜੋ ਕਿ ਉਸ ਵੇਲੇ ਤੇਜ਼ੀ ਨਾਲ ਪਤਨਤਾ ਦੇ ਰਾਹ ਵੱਲ ਦੋੜ੍ਹ ਰਹੀਆਂ ਸਨ। ਸਮਾਜ ਦੇ ਲਗਭਗ ਹਰ ਖੇਤਰ ਵਿੱਚ ਕੂੜ, ਭ੍ਰਿਸ਼ਟਾਚਾਰ, ਝੂਠ ਅਤੇ ਅੱਤਿਆਚਾਰ ਦਾ ਬੋਲਬਾਲਾ ਸੀ। ਮਾਨਵ ਮਾਨਵਤਾ ਨੂੰ ਤਿਆਗ ਕੇ ਪਸ਼ੂਤਾ ਵੱਲ ਵੱਧ ਰਿਹਾ ਸੀ। ਐਸੇ ਸਮੇਂ ਵਿੱਚ ਲੋਕਾਂ ਨੂੰ ਅਗਿਆਨਤਾ ਦੇ ਇਸ ਹਨੇਰੇ ਵਿੱਚੋਂ ਬਾਹਰ ਕੱਢਣ ਲਈ ਗੁਰੂ ਨਾਨਕ ਦੇਵ ਜੀ ਨੇ ਜੋ ਬਾਣੀ ਰਚੀ, ਉਸਨੇ ਨਾ ਕੇਵਲ ਲੋਕਾਂ ਦਾ ਅਧਿਆਤਮਕ ਸੁਧਾਰ ਹੀ ਕੀਤਾ ਸਗੋਂ ਇਹ ਬਾਣੀ ਸਮਾਜ ਵਿੱਚ ਪਰਿਵਰਤਨ ਅਤੇ ਕ੍ਰਾਂਤੀ ਲਿਆਉਣ ਦਾ ਵਸੀਲਾ ਵੀ ਬਣੀ। 'ਆਸਾ ਦੀ ਵਾਰ' ਵਿੱਚ ਵੀ ਇੱਕ ਪਾਸੇ ਸਲੋਕ ਸਮਕਾਲੀ ਸਮਾਜ ਦੀ ਤਸਵੀਰ ਪੇਸ਼ ਕਰਦੇ ਹਨ ਅਤੇ ਦੂਜੇ ਪਾਸੇ ਪਉੜੀਆਂ ਰਾਹੀਂ ਉਸ ਅਵਸਥਾ ਵਿੱਚੋਂ ਨਿਕਲ ਕੇ ਆਦਰਸ਼ ਬਣਨ ਦੀ ਪ੍ਰੇਰਨਾ ਦਿੱਤੀ ਗਈ ਹੈ। ਇਸ ਤਰ੍ਹਾਂ ਇੱਥੇ ਇੱਕ ਅਜਿਹੀ ਵਿਧੀ ਬਣ ਗਈ ਹੈ ਕਿ ਸੰਸਾਰਿਕ ਕੀਮਤਾਂ ਅਤੇ ਅਧਿਆਤਮਿਕ ਕੀਮਤਾਂ ਵਿਚਕਾਰ ਯੁੱਧ ਕਰਵਾ ਕੇ ਅਧਿਆਤਮਕ ਕੀਮਤਾਂ ਨੂੰ ਜੇਤੂ ਦਿਖਾਇਆ ਗਿਆ ਹੈ ਜੋ ਕਿ ਇੱਕ 'ਵਾਰ' ਦਾ ਮੁੱਖ ਉਦੇਸ਼ ਵੀ ਹੈ। 'ਆਸਾ ਦੀ ਵਾਰ' ਵਿੱਚ ਜੋ ਸਮਕਾਲੀ ਸਥਿਤੀ ਪੇਸ਼ ਕੀਤੀ ਗਈ ਹੈ ਉਸਦਾ ਸੰਖੇਪ ਵਰਣਨ ਤਿੰਨ ਅਵਸਥਾਵਾਂ— 'ਧਾਰਮਿਕ, ਰਾਜਸੀ, ਸਮਾਜਿਕ' ਰਾਹੀਂ ਕੀਤਾ ਜਾ ਸਕਦਾ ਹੈ।

**ਧਾਰਮਿਕ ਅਵਸਥਾ:** ਮਧਕਾਲੀ ਸਮਾਜ ਵਿੱਚ ਧਰਮ ਦੀਆਂ ਵਿਧੀਆਂ ਨਿਰੇ ਫੋਕਟ ਨਿਸ਼ਚਿਆਂ ਅਤੇ ਅੰਧਵਿਸ਼ਵਾਸਾਂ ਵਿੱਚ ਤਬਦੀਲ ਹੋ ਗਈਆਂ ਸਨ। ਧਰਮ ਆਪਣੇ ਅਸਲ ਅਰਥਾਂ ਤੋਂ ਮਨੁੱਖਤਾ ਨੂੰ ਦੂਰ ਲੈ ਜਾ ਰਿਹਾ ਸੀ। ਧਰਮ ਅਤੇ ਭੇਖ ਵਿੱਚ ਅੰਤਰ ਕਰਨਾ ਕਠਿਨ ਹੋ ਗਿਆ ਸੀ ਆਸਾ ਦੀ ਵਾਰ ਵਿੱਚ ਗੁਰੂ ਨਾਨਕ ਦੇਵ ਜੀ ਇਸ ਤਰ੍ਹਾਂ ਬਿਆਨਦੇ ਹਨ: ਸਰਮ ਧਰਮ ਕਾ ਡੇਰਾ ਦੂਰਿ॥ ਨਾਨਕ ਕੂੜੁ ਰਹਿਆ ਭਰਪੂਰਿ॥ (ਅੰਗ 471)

ਉਸ ਵੇਲੇ ਭਾਰਤ 'ਚ ਮੁੱਖ ਤੌਰ 'ਤੇ ਦੋ ਧਰਮਾਂ ਦਾ ਬੋਲਬਾਲਾ ਸੀ— ਹਿੰਦੂ ਧਰਮ ਅਤੇ ਮੁਸਲਿਮ ਧਰਮ। ਭਾਵੇਂ ਜੈਨ ਅਤੇ ਬੁੱਧ ਧਰਮ ਦਾ ਵੀ ਜ਼ੋਰ ਸੀ, ਪਰ ਫਿਰ ਵੀ ਇਹੀ ਦੋ ਧਰਮ ਪ੍ਰਮੁੱਖ ਸਨ। ਇਹਨਾਂ ਧਰਮਾਂ ਦੇ ਆਗੂ ਅਤੇ ਸ਼ਰਧਾਲੂ ਦੋਵੇਂ ਹੀ ਧਰਮ ਦੀਆਂ ਅਸਲ ਜੀਵਨ ਵਿਧੀਆਂ ਤੋਂ ਹੱਟ ਕੇ ਧਰਮ ਨੂੰ ਫੋਕਟ ਨਿਸ਼ਚਿਆਂ ਵਲ ਧਕੇਲ ਰਹੇ ਸਨ। ਹਿੰਦੂ ਧਰਮ ਚਾਰ ਵਰਗਾਂ (ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ) ਵਿੱਚ ਵੰਡਿਆ ਹੋਇਆ ਸੀ। ਬ੍ਰਾਹਮਣ ਨੇ ਆਪਣੀ ਰੋਜ਼ੀ-ਰੋਟੀ ਦੀ ਪੂਰਤੀ ਲਈ ਧਰਮ ਦੀ ਓਟ ਲੈਕੇ ਲੋਕਾਂ ਨੂੰ ਡਰਾਉਂਦਾ ਰਿਹਾ। ਉਸਦੇ ਕਰਮ ਨਿਰੇ ਦਿਖਾਵੇ ਦੇਹ ਹੀ ਕਰਮ ਸਨ। ਜਿਵੇਂ ਕਿ ਗੁਰੂ ਸਾਹਿਬ ਫਰਮਾਉਂਦੇ ਹਨ:

ਪੜਿ ਪੁਸਤਕ ਸੰਧਿਆ ਬਾਦੰ॥ ਸਿਲ ਪੂਜਸਿ ਬਗੁਲ ਸਮਾਧੰ॥
ਮੁਖਿ ਝੂਠ ਬਿਭੂਖਣ ਸਾਰੰ॥ ਤ੍ਰੈਪਾਲ ਤਿਹਾਲ ਬਿਚਾਰੰ॥
ਗਲਿ ਮਾਲਾ ਤਿਲਕੁ ਲਿਲਾਟੰ॥ ਦੁਇ ਧੋਤੀ ਬਸਤ੍ਰ ਕਪਾਟੰ॥
ਜੇ ਜਾਣਸਿ ਬ੍ਰਹਮੰ ਕਰਮੰ॥ ਸਭਿ ਫੋਕਟ ਨਿਸਚਉ ਕਰਮੰ॥ (ਅੰਗ 470)

ਅੰਤ ਵਿੱਚ ਗੁਰੂ ਸਾਹਿਬ ਕਹਿੰਦੇ ਹਨ ਕਿ ਇਹਨਾਂ ਸਾਰਿਆਂ ਕਰਮਾਂ ਤੋਂ ਉੱਚਾ ਤਾਂ ਪ੍ਰਭੂ ਦਾ ਨਾਂ ਹੈ ਜੋ ਕਿ ਗੁਰੂ ਦੇ ਦੱਸੇ ਰਾਹ ਦੁਆਰਾ ਪ੍ਰਾਪਤ ਹੁੰਦਾ ਹੈ ਕਹੁ ਨਾਨਕ ਨਿਹਚਉ ਧਿਆਵੈ॥ ਵਿਣੁ ਸਤਿਗੁਰ ਵਾਟ ਨ ਪਾਵੈ॥ (ਅੰਗ 470)

**ਰਾਜਨੀਤਿਕ ਅਵਸਥਾ:** ਗੁਰੂ ਸਾਹਿਬ ਨੇ 'ਆਸਾ ਦੀ ਵਾਰ' ਵਿੱਚ ਸਮਕਾਲੀ ਰਾਜਸੀ ਹਾਲਾਤਾਂ ਦਾ ਵਰਣਨ ਬੜੇ ਹੀ ਸੂਖਮ ਢੰਗ ਨਾਲ ਕੀਤਾ ਹੈ। ਉਹ ਯੁਗ ਅਰਾਜਕਤਾ ਦਾ ਯੁਗ ਸੀ। ਭਾਰਤ ਦਾ ਮੁੱਖ ਦੁਆਰ ਹੋਣ ਕਰਕੇ ਪੰਜਾਬ ਸਦੈਵ ਹੀ ਵਿਦੇਸ਼ੀ ਹਮਲਾਵਰਾਂ ਦਾ ਸਭ ਤੋਂ ਪਹਿਲਾਂ ਨਿਸ਼ਾਨਾ ਬਣਦਾ ਸੀ ਅਤੇ ਪੰਜਾਬ ਦੇ ਨਿਵਾਸੀਆਂ ਨੂੰ ਇਹਨਾਂ ਵਿਦੇਸ਼ੀ ਹਮਲਾਵਰਾਂ ਦੀ ਲੁੱਟ-ਖਸੁੱਟ ਅਤੇ ਜ਼ਬਰ-ਜੁਲਮ ਦੀ ਮਾਰ ਸਹਿਣੀ ਪੈਂਦੀ ਸੀ। ਜਿਹੜੇ ਦੇਸੀ ਰਾਜੇ ਸਨ ਤੇ ਹਰ ਵੇਲੇ ਭੋਗ-ਵਿਲਾਸਤਾ ਤੇ ਐਸ਼-ਪ੍ਰਸਤੀ ਵਿੱਚ ਹੀ ਲੀਨ ਰਹਿੰਦੇ ਸਨ। ਕੁਲ ਮਿਲਾ ਕੇ ਸਥਿਤੀ ਇਹੋ ਜਿਹੀ ਸੀ:

ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ॥
ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ॥ (ਅੰਗ 469)

ਭਾਵ ਜੀਭ ਦਾ ਚਸਕਾ (ਐਸ਼-ਪ੍ਰਸਤੀ) ਰਾਜਾ ਹੈ, ਭਾਵ ਵਜ਼ੀਰ ਹੈ ਅਤੇ ਝੂਠ ਚੌਧਰੀ ਹੈ। ਇਸ ਦਰਬਾਰ ਵਿੱਚ ਕਾਮ ਨਾਇਬ ਵੱਡਾ ਸਲਾਹਕਾਰ ਹੈ। ਭਾਈ ਗੁਰਦਾਸ ਜੀ ਇਸਨੂੰ ਇਉਂ ਬਿਆਨ ਕਰਦੇ ਹਨ:

ਕਲ ਆਈ ਕੁੱਤੇ ਮੁਹੀ ਖਾਜ ਹੋਆ ਮੁਰਦਾਰ ਗੁਸਾਈ।
ਰਾਜੇ ਪਾਪ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ।
ਪਰਜਾ ਅੰਧੀ ਗਿਆਨ ਬਿਨ ਕੂੜ ਕੁਸਤ ਮੁਖਹੁ ਅਲਾਈ।
(ਵਾਰ 1, ਪਉੜੀ 30)

ਇਸ ਯੁਗ ਵਿੱਚ ਬ੍ਰਾਹਮਣ, ਖੱਤਰੀ ਸਾਰੇ ਹੀ ਹਕੂਮਤ ਦੇ ਹੱਥਾਂ ਵਿੱਚ ਖੇਡ ਕੇ ਆਪਣੀ ਹੀ ਜਾਤ ਤੇ ਧਰਮ ਦੇ ਵਿਰੋਧੀ ਬਣ ਰਹੇ ਹਨ।

**ਸਮਾਜਕ ਹਾਲਾਤ:** ਜਿਸ ਵੇਲੇ ਰਾਜਸੀ ਸਮਾਜਿਕ ਹਾਲਾਤ ਪਤਨਤਾ ਵੱਲ ਵਧਦੇ ਹਨ ਤਾਂ ਉਸ ਵੇਲੇ ਸਮਾਜਿਕ ਹਾਲਾਤਾਂ ਵਿੱਚ ਪਤਨਤਾ ਪੈਦਾ ਹੋਣੀ ਸੁਭਾਵਿਕ ਹੀ ਹੈ। ਸਮਾਜ ਵਿੱਚ ਮਨੁੱਖ-ਮਨੁੱਖ ਵਿੱਚ ਲੜਾਈ, ਦਵੈਸ਼, ਧੋਖਾ ਘਰ ਚੁੱਕਿਆ ਸੀ। ਹਿੰਦੂ ਧਰਮ ਵਿੱਚ ਬ੍ਰਾਹਮਣਾਂ ਨੂੰ ਸਿਰ ਦੀ ਚੋਟੀ, ਖਤਰੀ ਨੂੰ ਪਿੰਡਾਂ, ਵੈਸ਼ ਨੂੰ ਬਾਹਾਂ ਅਤੇ ਸ਼ੂਦਰ ਨੂੰ ਪੈਰਾਂ ਦੀ ਥਾਂ ਦਿੱਤੀ ਜਾਂਦੀ ਸੀ। ਇਸਤਰੀ ਦੀ ਦਸ਼ਾ ਤਾਂ ਇਹੋ ਜਿਹੀ ਸੀ ਕਿ ਉਸਨੂੰ ਕੇਵਲ 'ਭੋਗਯਾ' ਮੰਨਿਆ ਜਾਂਦਾ ਸੀ, ਜਿਸ ਦਾ ਕੰਮ ਕੇਵਲ ਬੱਚੇ ਪੈਦਾ ਕਰਨਾ ਹੀ ਸੀ। ਉਸਨੂੰ ਘਰ ਦੇ ਅੰਦਰ ਕੈਦ ਰਹਿਣ ਵਾਲੀ ਵਸਤੂ ਮਾਤਰ ਹੀ ਸਮਝਿਆ ਜਾਂਦਾ ਸੀ। ਪਰ ਗੁਰੂ ਸਾਹਿਬ ਨੇ ਇਸਤਰੀ ਨੂੰ ਸਨਮਾਨ ਵਜੋਂ ਦੇਖਿਆ ਤੇ ਇਹ ਕਿਹਾ:

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥ **(ਅੰਗ 473)**

ਸਮਾਜ ਵਿੱਚ ਲੋਕਾਂ ਦਾ ਜੋ ਧਰਮ ਸੀ ਲੋਕ ਉਸ ਤੋਂ ਦੂਰ ਜਾ ਰਹੇ ਸਨ। ਸਮਾਜ ਵਿੱਚ ਜਾਤ-ਪਾਤ ਦਾ ਬੋਲ-ਬਾਲਾ ਸੀ। ਪਰ ਗੁਰੂ ਸਾਹਿਬ ਜਾਤ-ਪਾਤ ਦੇ ਇਸ ਪਖੰਡ ਦਾ ਵਿਰੋਧ ਇਉਂ ਕਰਦੇ ਹਨ:

ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ॥
ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ॥ **(ਅੰਗ 469)**

ਇਉਂ ਅਸੀਂ ਦੇਖਦੇ ਹਾਂ ਕਿ 'ਆਸਾ ਦੀ ਵਾਰ' ਵਿੱਚ ਸਲੋਕਾਂ

ਰਾਹੀਂ ਸਮਕਾਲੀ ਸਮਾਜ ਦੀ ਸਥਿਤੀ ਦਾ ਵਰਨ ਕੀਤਾ ਗਿਆ ਹੈ ਪਰ ਨਾਲ ਹੀ ਅਸੀਂ ਇਹ ਵੀ ਦੇਖਦੇ ਹਾਂ ਕਿ ਇਸ ਬਾਣੀ ਦੀਆਂ ਪਉੜੀਆਂ ਵਿੱਚ ਜੋ ਅਧਿਆਤਮਕ ਵਿਚਾਰਾਂ ਪੇਸ਼ ਹੋਈਆਂ ਹਨ ਉਹ ਇਹਨਾਂ ਸਥਿਤੀਆਂ ਨਾਲ ਜੁੜਨ ਦੀ ਪ੍ਰੇਰਨਾ ਦਿੰਦੀਆਂ ਹਨ ਜੋ ਕਿ ਨੂੰ ਸਮਾਜਿਕ ਜੀਵਨ ਵਿੱਚ ਸ੍ਰੇਸ਼ਟ ਬਣਾਉਂਦੀਆਂ ਹਨ। ਇਹਨਾਂ ਪਉੜੀਆਂ ਵਿੱਚ ਗੁਰਮਤ ਦੇ ਦਾਰਸ਼ਨਿਕ ਤਥਾਂ ਅਤੇ ਪਰਮਾਤਮਾ ਦੀ ਰਹਸਵਾਦੀ ਸੱਤਾ ਦੇ ਦੇ ਸਰੂਪ ਸਬੰਧੀ ਜਾਣਕਾਰੀ ਵੀ ਮਿਲਦੀ ਹੈ। 'ਆਸਾ ਦੀ ਵਾਰ' ਸੰਸਾਰਿਕਤਾ ਤੋਂ ਅਧਿਆਤਮਿਕਤਾ ਵੱਲ ਜਾਂਦੇ ਹੋਏ ਮਨੁੱਖ ਨੂੰ ਐਸੀ ਥਾਂ 'ਤੇ ਪਹੁੰਚਾਉਣ ਦਾ ਯਤਨ ਕਰਦੀ ਹੈ, ਜਿਥੇ ਮਨੁੱਖ 'ਜਪੁਜੀ' ਦੇ 'ਸੱਚਖੰਡ' ਦੀ ਅਵਸਥਾ ਤੱਕ ਪਹੁੰਚ ਜਾਂਦਾ ਹੈ।

## ਸਹਾਇਕ ਪੁਸਤਕ ਸੂਚੀ


1. ਸਾਹਿਬ ਸਿੰਘ, 'ਆਸਾ ਦੀ ਵਾਰ ਸਟੀਕ', ਸਿੰਘ ਬ੍ਰਦਰਜ਼, ਅੰਮ੍ਰਿਤਸਰ, 1970
2. ਸ਼ੇਰ ਸਿੰਘ (ਡਾ.), 'ਗੁਰਮਤਿ ਦਰਸ਼ਨ' 'ਜਪੁਜੀ ਦਰਸ਼ਨ', ਸ਼ਿਰੋਮਣੀ ਗੁ. ਪ੍ਰ. ਕਮੇਟੀ, ਅੰਮ੍ਰਿਤਸਰ, 1962
3. 'ਸਿੱਖ ਫ਼ਲਸਫੇ ਦੀ ਰੂਪ ਰੇਖਾ' (ਸੰਪ. ਪ੍ਰੋ. ਪ੍ਰੀਤਮ ਸਿੰਘ), ਗੁਰੂ ਨਾਨਕ ਦੇਵ ਯੂਨੀਵਰਸਟੀ, ਅੰਮ੍ਰਿਤਸਰ
4. ਕਾਲਾ ਸਿੰਘ ਬੇਦੀ (ਡਾ.), 'ਵਾਰਾਂ ਗੁਰੂ ਨਾਨਕ ਸਟੀਕ', ਪੰਜਾਬੀ ਬੁਕ ਸਟੋਰ, ਨਵੀਂ ਦਿੱਲੀ, 1969
5. ਕਾਲਾ ਸਿੰਘ ਬੇਦੀ (ਡਾ.), 'ਵਾਰਕਾਰ ਗੁਰੂ ਨਾਨਕ', ਪੰਜਾਬੀ ਬੁੱਕ ਸਟੋਰ, ਦਿੱਲੀ, 1968
6. ਗੁਪਾਲ ਸਿੰਘ (ਡਾ.), 'ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਹਿਤਕ ਵਿਸ਼ੇਸ਼ਤਾ', ਪੰਜਾਬੀ ਅਕਾਡਮੀ, ਦਿੱਲੀ, 1958
7. ਗੁਰਸ਼ਰਨ ਕੌਰ ਜੱਗੀ (ਡਾ.), 'ਗੁਰੂ ਨਾਨਕ ਬਾਣੀ ਦਾ ਸਿਧਾਂਤਕ ਵਿਸ਼ਲੇਸ਼ਣ', ਪੈਪਸੂ ਬੁਕ ਡਿਪੂ, ਪਟਿਆਲਾ, 1979
8. 'ਗੁਰੂ ਨਾਨਕ : ਜੀਵਨ, ਦਰਸ਼ਨ ਅਤੇ ਕਾਵਿ ਕਲਾ' (ਸੰਪ. ਸ. ਸ. ਕੋਹਲੀ), ਪੰ. ਯੂ. ਚੰਡੀਗੜ੍ਹ, 1969
9. 'ਗੁਰੂ ਨਾਨਕ ਬਾਣੀ' (ਸੰਪ. ਰਤਨ ਸਿੰਘ ਜੱਗੀ), ਮਦਾਨ ਪਬਲਿਸ਼ਰਜ਼, ਪਟਿਆਲਾ, 1968
10. ਜਗਬੀਰ ਸਿੰਘ (ਡਾ.), 'ਗੁਰੂ ਨਾਨਕ ਬਾਣੀ ਵਿਚ ਨੈਤਿਕਤਾ ਦਾ ਸੰਕਲਪ', ਭਾਸ਼ਾ ਵਿਭਾਗ, ਪਟਿਆਲਾ, 1973.
11. ਜਗਬੀਰ ਸਿੰਘ (ਡਾ.), 'ਗੁਰੂ ਨਾਨਕ ਸਮ੍ਰਿਤੀ ਵਿਆਖਿਆਨ', ਪੰ. ਯੂ., ਪਟਿਆਲਾ, 1966
12. ਤੇਜਾ ਸਿੰਘ, 'ਆਸਾ ਦੀ ਵਾਰ ਸਟੀਕ', ਮਾਸਟਰ ਕਰਮ ਸਿੰਘ ਗੰਗਾਵਾਲਾ, ਖਾਲਸਾ ਕਾਲਜ, ਅੰਮ੍ਰਿਤਸਰ, 1952
13. 'ਪੰਜਾਬ ਦੀਆਂ ਵਾਰਾਂ' (ਸੰਪ. ਡਾ. ਗੰਡਾ ਸਿੰਘ), ਲੇਖਕ ਆਪ, ਅੰਮ੍ਰਿਤਸਰ, 1946
14. 'ਪੰਜਾਬੀ ਵਾਰਾਂ' (ਸੰਪਾ, ਪਿਆਰਾ ਸਿੰਘ ਪਦਮ), ਲਾਹੌਰ ਬੁਕ ਸ਼ਾਪ, ਲੁਧਿਆਣਾ 1951
15. 'ਵਾਰਾਂ ਭਾਈ ਗੁਰਦਾਸ', ਸ਼ਿਰੋਮਣੀ ਗੁ. ਪ੍ਰ. ਕਮੇਟੀ, ਅੰਮ੍ਰਿਤਸਰ, 1952


**English**


1. Anil Chander Banerjee, Guru Nanak and His Times, Punjabi University, Patiala; c1971.
2. The Religion of Guru Nanak, Lyall Book Depot, Ludhiana; c1970.
3. Dewan Singh (Dr.) Mysticism of Guru Nanak, P. U. Chandigarh (typed thesis); c1973.
4. Kohli SS. (Dr.), A Critical Study of Adi Granth, Pbi.
5. Kohli SS. (Dr.), Philosophy of Guru Nanak, P. U. Chandigarh; c1969.
6. Sher Singh (Dr.), Philosophy of Sikhism, Sikh University Press, Lahore; c1944.